# ਫਲੈਟ ਨੰਬਰ 13 ਸਿਮਰਨ ਧਾਲੀਵਾਲ

" ਤੇਰਾਂ ਨੰਬਰ ਫਲੈਟ ਵਿੱਚ ਆਇਆ ਕੋਈ ਦੀਦੀ!"
"ਅੱਛਾ ਫੇਰ ਕੀ ਹੈ?"
"ਕੋਈ ਔਰਤ ਹੈ।ਇਕੱਲੀ ਰਹਿੰਦੀ ਆ ਦੀਦੀ।"
"ਤਾਂ ਫੇਰ ਕੀ ਹੋਇਆ ਗੀਤਾ?"
"ਦੀਦੀ! ਮੈਨੂੰ ਤਾਂ ਨੀਚੇ ਵਾਲੀ ਪੰਮੀ ਆਂਟੀ ਤੋਂ ਪਤਾ ਲੱਗਿਆ, ਆਪਣੇ ਬਾਊ ਜੀ ਨਾਲ ਬੜਾ ਸਹੇਲਪੁਣਾ ਬਣਦਾ ਜਾਂਦਾ।"
ਦੋਵੇਂ ਦਰਾਣੀ ਜੇਠਾਣੀ ਬੜੀ ਗੰਭੀਰਤਾ ਨਾਲ ਗੱਲ ਕਰ ਰਹੀਆਂ ਸਨ।
"ਅੱਛਾ!" ਗੀਤਾ ਦੀ ਅਵਾਜ਼ ਵਿੱਚ ਚੋਖੀ ਹੈਰਾਨੀ ਭਰ ਗਈ।
"ਹਾਂ ਦੀਦੀ!ਇਸ ਉਮਰੇ ਕਿਹੜੇ ਰੰਗ ਦਿਖਾਉਣੇ ਹੁਣ ਬਾਊ ਜੀ ਨੇ।ਮੇਰੀ ਤਾਂ ਨਿਸ਼ਾਤ ਨਾਲ ਗੱਲ ਕਰਨ ਦੀ ਵੀ ਹਿੰਮਤ ਨਹੀਂ ਪਈ।"
...ਫਿਰ ਅਚਾਨਕ ਗੀਤਾ ਦੇ ਘਰ ਦੀ ਡੋਰ ਬੈੱਲ ਵੱਜੀ।
"ਦੀਦੀ ਹੁਣ ਫੇਰ ਕਰਾਂਗੀ ।ਦੇਖਾਂ ਕੌਣ ਆਇਆ।"
ਗੀਤਾ ਨੇ ਫੋਨ ਬੰਦ ਕਰ ਦਿੱਤਾ।

****

'ਪ੍ਰਸ਼ੋਤਮ ਦਾਸ , ਸੇਵਾ ਮੁੱਕਤ ਬੈਂਕ ਮੈਨੇਜ਼ਰ'
ਬਾਰਾਂ ਨੰਬਰ ਫਲੈਟ ਦੇ ਬਾਹਰ, ਸੁਨਿਹਰੀ ਰੰਗ ਦੀ ਇਹ ਨੇਮ ਪਲੇਟ ਲਟਕ ਰਹੀ ਹੈ।ਜਿਸਦੀ ਚਮਕ ਵਕਤ ਨਾਲ ਥੋੜ੍ਹੀ ਜਿਹੀ ਫਿੱਕੀ ਪੈ ਚੁੱਕੀ ਹੈ।ਖ਼ੁਦ ਪ੍ਰੋਸ਼ਤਮ ਦਾਸ ਦੀ ਚਮਕ ਸਮੇਂ ਨਾਲ ਕਾਫੀ ਘੱਟ ਚੁੱਕੀ ਹੈ।ਬੀ.ਪੀ ਉੱਪਰ ਥੱਲੇ ਰਹਿਣ ਲੱਗਿਆ ਹੈ।ਵਾਲ ਬਹੁਤੇ ਝੜ ਚੁਕੇ ਹਨ।ਕਦੇ-ਕਦੇ ਗਿੱਟੇ-ਗੋਡੇ ਵੀ ਦੁੱਖਣ ਲੱਗਦੇ ਨੇ।ਹੋਰ ਨਾ ਜਾਣੇ ਕੀ-ਕੀ ਹੈ, ਜੋ ਸਮੇਂ ਨੇ ਖੋਰ ਦਿੱਤਾ ਹੈ ਜਾਂ ਫਿਰ ਉਹਨਾਂ ਦੀ ਜ਼ਿੰਗਦੀ ਨਾਲ ਪੱਕੇ ਤੌਰ 'ਤੇ ਜੋੜ ਦਿੱਤਾ ਹੈ।ਬੈੱਡ ਦੇ ਸਿਰਹਾਣੇ ਦਵਾਈਆਂ ਟਿਕ ਗਈਆਂ ਨੇ।ਸਵਾਦ ਫਿੱਕੇ ਪੈ ਗਏ ਨੇ।ਰੰਗ ਸ਼ੋਖ ਰੰਗਾਂ ਤੋਂ ਸਫ਼ੈਦੀ ਵਿੱਚ ਵਟਣ ਲੱਗੇ ਨੇ।ਅੱਜ ਕੱਲ੍ਹ ਬਾਊ ਪ੍ਰਸ਼ੋਤਮ ਦਾਸ ਜੀ ਬਹੁਤਾ ਚਿੱਟਾ-ਕੁੜਤਾ ਪਜਾਮਾਂ ਪਾਈ ਰੱਖਦੇ ਨੇ।
ਕਦੇ ਕਦੇ ਪ੍ਰਸ਼ੋਤਮ ਦਾਸ ਸ਼ੀਸ਼ੇ ਅੱਗੇ ਖੜ੍ਹ ਕੇ ਖ਼ੁਦ ਨੂੰ ਦੇਖਦੇ ।ਉਸ ਵਕਤ ਸ਼ੀਸ਼ੇ ਤੋਂ ਪਾਰ ਉਹਨਾਂ ਨੂੰ ਆਪਣਾ ਅਤੀਤ ਨਜ਼ਰ ਆਉਂਣ ਲੱਗਦਾ ਹੈ।

ਜਵਾਨੀ ਦਾ ਜ਼ੋਰ।ਉੱਚਾ-ਲੰਮਾਂ ਕੱਦ।ਗੋਰਾ ਰੰਗ।
ਉਤੋਂ ਬੈਂਕ ਦੀ ਨੌਕਰੀ।ਪ੍ਰਸ਼ੋਤਮ ਦਾਸ ਦਾ ਬਾਪ ਖਰੈਤੀ ਲਾਲ ਆਕੜ ਕੇ ਤੁਰਦਾ ਹੁੰਦਾ ਸੀ।
ਸੁਨੱਖੀ ਪਤਨੀ ਮਿਲੀ।ਟਰੱਕ ਭਰ ਕੇ ਦਾਜ ਦਾ ਆਇਆ।ਪੂਰੇ ਪ੍ਰੇਮ ਨਗਰ ਵਿੱਚ ਚਰਚਾ ਛਿੜੀ ਰਹੀ।
ਬੁੜੀਆਂ ਗੱਲਾਂ ਕਰਦੀਆਂ।
"ਨੀ ਪ੍ਰਸ਼ੋਤਮ ਦੀ ਬਹੂ ਤਾਂ ਬਾਹਲੀ ਸੋਹਣੀ ਹੈ।"
"ਭੈਣੇ ਉਹ ਤਾਂ ਹੱਥ ਲਾਇਆ ਮੈਲੀ ਹੁੰਦੀ।"
"ਦਾਜ ਦਾ ਟਰੱਕ ਭਰ ਕੇ ਲਿਆਈ ਅਗਲੀ।"
ਕੋਲੋਂ ਕੋਈ ਹੋਰ ਬੋਲਦੀ-
"ਲੈ ਤਾਂ ਪ੍ਰਸ਼ੋਤਮ ਆਪ ਕਿਤੇ ਮਾੜਾ? ਪੂਰੀ ਮੰਡੀ 'ਚ ਐਸਾ ਮੁੰਡਾ ਨੀ ਹੋਣਾ ਕੋਈ।"
"ਨੀ ਛੁੱਟੜੇ ਤੇਰੀ ਬੜੀ ਨਜ਼ਰ ਆ ਮੰਡੀ ਦੇ ਮੁੰਡਿਆਂ 'ਤੇ।" ਕਿਸੇ ਹੋਰ ਦਾ ਵਿਅੰਗ ਬਾਣ ਚੱਲਦਾ।

ਇਉਂ ਪ੍ਰਸ਼ੋਤਮ ਦੀ ਬਹੂ ਦੀ ਗੱਲ ਕਈ ਦਿਨ ਤੁਰਦੀ ਰਹੀ।ਨਵੇਂ-ਨਵੇਂ ਪ੍ਰਸ਼ੋਤਮ ਦਾਸ ਉਦੋਂ ਨੌਕਰੀ ਲੱਗੇ ਸਨ।ਉਹ ਨਸ਼ਿਆਏ ਫਿਰਦੇ।ਬੈਂਕ ਵਿੱਚ ਲੋਕਾਂ ਨਾਲ ਹਸੂੰ-ਹੰਸੂ ਕਰਦੇ।ਵੀਹ ਮੀਲ਼ ਦਾ ਪੈਂਡਾ ਉਹ ਜਿਵੇਂ ਉੱਡ ਕੇ ਮੁੱਕਾ ਲੈਂਦੇ ਹੋਣ।ਜਿਵੇਂ ਝੱਟ ਜਾਂਦੇ ਤੇ ਪੱਟ ਬਹੂ ਦੇ ਗੋਡੇ ਆ ਜੁੜਦੇ।

ਸੋਹਣੇ ਦਿਨ ਲੰਘਦੇ ਰਹੇ।

ਕੁਸ਼ੱਲਿਆ ਨੇ ਪਹਿਲਾ ਪੁੱਤ ਜੰਮਿਆਂ।ਉਦੋਂ ਖਰੈਤੀ ਅਜੇ ਆਪ ਜਿਉਂਦਾ ਸੀ।ਉਹਨੇ ਪੋਤੇ ਦਾ ਨਾਮ ਰੱਖਿਆ ਮੋਹਨ।ਦੇਸੀ ਘਿਉ ਦੇ ਲੱਡੂ ਵੰਡੇ।ਘਰ ਜਿਵੇਂ ਚਾਨਣ ਨਾਲ ਭਰ ਗਿਆ।ਖਰੈਤੀ ਫੁੱਲਿਆ ਨਾ ਸਮਾਉਂਦਾ।ਪ੍ਰਸ਼ੋਤਮ ਦਾਸ ਜਿਵੇਂ ਹੁਸਨ ਦੂਣਾ ਹੋ ਗਿਆ।ਕੁਸ਼ੱਲਿਆ ਦਾ ਮਾਣ-ਤਾਣ ਘਰ ਵਿੱਚ ਚਾਰ ਗੁਣਾ ਹੋ ਗਿਆ।ਟੱਬਰ ਪ੍ਰਸੰਨ ਸੀ।ਘਰੇ ਲਹਿਰਾ-ਬਹਿਰਾ ਸਨ।ਦੂਜਾ ਮੁੰਡਾ ਨਿਸ਼ਾਤ ਜਦੋਂ ਹੋਇਆ ਉਦੋਂ ਖਰੈਤੀ ਰਾਮ ਨੂੰ ਪਿਆਰਾ ਹੋ ਚੁੱਕਾ ਸੀ।ਦਾਦੀ ਪਾਰਵਤੀ ਨੇ ਨਿੱਕੇ ਨਿਸ਼ਾਤ ਨੂੰ ਰੱਜ ਕੇ ਲਾਡ ਲਡਾਏ।ਨਿਸ਼ਾਤ ਦੂਜੇ ਵਰ੍ਹੇ ਵਿੱਚ ਸੀ, ਜਦੋਂ ਪਾਰਵਤੀ ਵੀ ਤੁਰ ਗਈ।

ਪ੍ਰਸ਼ੋਤਮ ਹੁਣਾਂ ਨੂੰ ਲੱਗਦਾ, ਉਹਨਾਂ ਦੇ ਘਰ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ।ਮਾਪਿਆਂ ਦਾ ਸਾਥ ਤਾਂ ਬੰਦੇ ਨੂੰ ਸਦਾ ਲੋੜੀਦਾ ਹੈ।

ਕਸ਼ੱਲਿਆ ਤੇ ਪ੍ਰਸ਼ੋਤਮ ਮੁੰਡਿਆਂ ਨੂੰ ਪਾਲਦੇ ਰਹੇ।ਸਭ ਸੋਹਣਾ ਤੁਰਦਾ ਰਿਹਾ।ਪ੍ਰਸ਼ੋਤਮ ਦਾਸ ਤਰੱਕੀ ਕਰਦੇ ਰਹੇ।ਪੁੱਤ ਪੜ੍ਹਾਈਆਂ ਕਰਦੇ ਰਹੇ।ਮੰਡੀਓਂ ਵੱਡੇ ਸ਼ਹਿਰ, ਵੱਡੇ ਸ਼ਹਿਰੋਂ ਹੋਰ ਵੱਡੇ ਸ਼ਹਿਰ।ਦੋਨੋਂ ਮੁੰਡੇ ਪੜ੍ਹਨ ਵਿੱਚ ਤਿੱਖੇ ਨਿਕਲੇ।ਦੋਨਾਂ ਨੇ ਚੰਗੀਆਂ ਨੌਕਰੀਆਂ ਵੀ ਮਿਲ ਗਈਆਂ।ਇੱਕ ਦਿੱਲੀ ਤੁਰ ਗਿਆ ਤੇ ਦੂਜਾ ਪੂਨੇ।

ਪੁੱਤਾਂ ਦੇ  ਵਿਆਹ ਤੀਕ ਪ੍ਰਸ਼ੋਤਮ ਦਾਸ ਤਰੱਕੀ ਕਰਕੇ ਬੈਂਕ ਮੈਨੇਜ਼ਰ ਬਣ ਚੁੱਕੇ ਸਨ ਤੇ ਸੇਵਾ ਮੁਕਤੀ ਦੇ ਨੇੜੇ ਸਨ।
ਮੁੰਡਿਆਂ ਦੇ ਮੇਚ ਦੀਆਂ ਕੁੜੀਆਂ ਲੱਭੀਆਂ ਗਈਆਂ।ਪੜ੍ਹੀਆਂ ਲਿਖੀਆਂ।...ਤੇ ਫਿਰ ਵਿਆਹ ਮਗਰੋਂ ਹੌਲੀ-ਹੌਲੀ ਦੋਵੇਂ ਪੁੱਤਾਂ ਨੇ ਨੂੰਹਾਂ ਨੂੰ  ਆਪਣੇ ਆਪਣੇ ਕੋਲ ਬੁਲਾ ਲਿਆ ।ਪਿੱਛੇ ਪ੍ਰੇਮ ਨਗਰ ਵਾਲੇ ਪੁਸ਼ਤੈਣੀ ਘਰ, ਕੁਸ਼ੱਲਿਆ ਤੇ ਪ੍ਰਸ਼ੋਤਮ ਦਾਸ ਇਕੱਲੇ ਸਨ।ਪੰਦਰਾਂ ਮਰਲਿਆਂ ਦਾ ਘਰ ਤੇ ਦੋ ਜੀਅ।ਲੰਮਾਂ-ਚੌੜਾ ਵਿਹੜਾ ਭਾਂਅ-ਭਾਂਅ ਕਰਦਾ।

ਕਦੇ-ਕਦੇ ਬੈਠੇ ਦੋਵੇਂ ਮੀਆਂ-ਬੀਵੀ ਝੁਰਦੇ ਵੀ।ਸੋਚਦੇ, ਬੱਚੇ ਪੜ੍ਹਾ ਲਿਖਾ ਕੇ ਕਾਬਿਲ ਤਾਂ ਕਰ ਲਏ ਪਰ ਰਹਿ ਇਕੱਲੇ ਗਏ ਹਾਂ।ਬੱਚਿਆਂ ਨਾਲ ਤਾਂ ਘਰ ਵਿੱਚ ਸੌ ਰੌਣਕਾਂ ਹੁੰਦੀਆਂ ਨੇ।ਉਹਨਾਂ ਨੂੰ ਆਪਣਾ ਵੇਲਾ ਯਾਦ ਆਉਂਦਾ।ਜਦੋਂ ਮੋਹਨ ਤੇ ਨਿਸ਼ਾਤ ਹੋਏ ਸਨ।ਉਹਨਾਂ ਦਾ ਬਾਪ ਮੋਹਨ ਦੇ ਹੋਣ ਨਾਲ ਜਿਵੇਂ ਮੁੜ ਜਵਾਨ ਹੋ ਗਿਆ ਸੀ।ਸਿਆਣੇ ਐਵੇਂ ਤਾਂ ਨਹੀਂ ਕਹਿੰਦੇ, ਮੂਲ ਨਾਲੋਂ ਵਿਆਜ਼ ਪਿਆਰਾ ਹੁੰਦਾ।ਪਰ ਉਹਨਾਂ ਦੇ ਮੁੰਡਿਆਂ ਨੇ ਤਾਂ ਅਜੇ ਜਵਾਕ ਜੰਮਣ ਤੋਂ ਇਨਕਾਰ ਹੀ ਕਰ ਦਿੱਤਾ ਸੀ।
“ਵੱਡੇ ਸ਼ਹਿਰਾਂ ਵਿੱਚ ਆਪਣਾ ਨ੍ਹੀ ਸਰਦਾ ਜਵਾਕ ਜੰਮ ਕੇ ਤਾਂ ਹੋ ਸੌ ਖਰਚੇ ਵੱਧ ਜਾਂਦੇ ਨੇ।ਨਾਲੇ ਅਜੇ ਤਾਂ ਬਥੇਰੀ ਉੱਮਰ ਪਈ ਹੈ।”
ਦੋਵੇਂ ਜੀ ਨੂੰਹਾਂ ਪੁੱਤਾਂ ਦੇ ਫੈਸਲੇ ਮੂਹਰੇ ਕੀ ਕਰਦੇ?
ਵੱਡੇ ਮੋਹਨ ਦੇ ਜਦੋਂ ਅਜੇ ਧੀ ਹੋਣ ਵਾਲੀ ਸੀ, ਉਦੋਂ ਨੂੰ ਕੁਸ਼ੱਲਿਆ ਦਿਲ ਦੇ ਦੌਰੇ ਨਾਲ ਪ੍ਰਲੋਕ ਸੁਧਾਰ ਗਈ ਸੀ।ਸੁੱਖਾਂ ਸੁਖਦਿਆਂ ਨੂੰ ਕੁਲੱਸ਼ਿਆ ਨੂੰ ਇਹ ਦਿਨ ਆਇਆ ਸੀ, ਪਰ ਦੇਖਣਾ ਨਸੀਬ ਨਾ ਹੋਇਆ।

ਕੁਸ਼ੱਲਿਆ ਨੂੰ ਤੋਰ ਕੇ ਪ੍ਰਸ਼ੋਤਮ ਦਾਸ ਇਕੱਲੇ ਰਹਿ ਗਏ ਸਨ।ਪਤਨੀ ਦੀ ਅੰਤਮ ਅਰਦਾਸ ਤੀਕ ਉਦੇੜ-ਬੁਣ ਵਿੱਚ ਰਹੇ।ਸੋਚਦੇ ਹੁਣ ਨੂੰਹਾਂ ਪੁੱਤਾਂ ਨਾਲ ਚਲਾ ਜਾਵਾਂਗਾ।ਕਦੀ ਸੋਚਦੇ ਬੇਗਾਨੀ ਥਾਂ ਚਿੱਤ ਕਿਵੇਂ ਲੱਗਣਾ ਹੈ? ਜੰਮਣ ਭੋਇੰ ਦਾ ਮੋਹ ਬੜਾ ਗੂੜ੍ਹਾ ਹੁੰਦਾ।ਕਦੀ ਲੱਗਦਾ ਕੁਸ਼ੱਲਿਆ ਦੀਆਂ ਯਾਦਾਂ ਨਾਲ ਭਰਿਆ ਇਹ ਘਰ ਖਾਲੀ ਕਿਵੇਂ ਛੱਡ ਸਕਦਾ?

ਉਹ ਬੁਣਤਾ ਬੁਣਦੇ ਰਹੇ ਤੇ ਪੁੱਤਾਂ ਨਾਲ ਤੁਰਨ ਲਈ ਆਖਿਆ ਤੱਕ ਨਾ।
ਵੱਡੇ ਮੋਹਨ ਨੇ ਬਸ ਇੰਨਾ ਕੁ ਜੀ ਪੁਛਿਆ, “ਬਾਊ ਜੀ! ਰੋਟੀ ਟੁੱਕ ਦਾ ਕਿਵੇਂ ਕਰੋਗੇ?”
“ਰੋਟੀ ਦਾ ਕੀ ਆ ਬੱਲਿਆ! ਕੋਈ ਕੰਮ ਵਾਲੀ ਪਕਾ ਜਾਇਆ ਕਰੂ।ਦੋ ਤਾਂ ਟਿੱਕੀਆਂ ਖਾਣੀਆਂ ਹੁੰਦੀਆਂ ਬੁੜੇ ਬੰਦਿਆਂ।”

ਪ੍ਰਸ਼ੋਤਮ ਹੁਣਾਂ ਨੇ ਹੱਸ ਕੇ ਟਾਲ ਦਿੱਤਾ।

ਕਦੇ-ਕਦਾਈ ਪੁੱਤਾਂ ਨੂੰ ਜਦ ਯਾਦ ਆਉਂਦਾ।ਬਾਊ ਜੀ ਦਾ ਹਾਲ ਪੁੱਛ ਲੈਂਦੇ।ਉਹ ਅੱਗਿਓ ਹੱਸ ਕੇ ਬੋਲਦੇ।ਨਾ ਕੋਈ ਸ਼ਿਕਵਾ ਸੀ ਨਾ ਕੋਈ ਸ਼ਿਕਾਇਤ।ਨਾ ਕੋਈ ਇੱਛਾ ਸੀ ਨਾ ਜ਼ਰੂਰਤ।ਉਹ ਆਪਣੇ ਘਰ ਰਾਜ਼ੀ ਪ੍ਰੋਸ਼ਤਮ ਦਾਸ ਆਪਣੇ ਘਰ ਖੁਸ਼।

ਫੇਰ ਇੱਕ ਵਾਰ ਦੋਵੇਂ ਮੁੰਡੇ ਦੀਵਾਲੀ ਮੌਕੇ ਮੰਡੀ ਆਏ।
ਮੰਡੀ ਵਾਲਾ ਘਰ ਵੇਚਣ ਦੀ ਗੱਲ ਤੁਰਨ ਲੱਗੀ।
ਇੱਕ ਵਾਰ ਤਾਂ ਪ੍ਰਸ਼ੋਤਮ ਦਾਸ ਤੜਫ਼ੇ।ਪਹਿਲਾਂ ਚੁੱਪ ਰਹੇ, ਕਿੰਨੀ ਹੀ ਦੇਰ ਤੇ ਫੇਰ ਹੌਕਾ ਜਿਹਾ ਭਰ ਕੇ ਕਹਿਣ ਲੱਗੇ, "ਬੇਟਾ! ਇਹ ਘਰ ਥੋੜ੍ਹਾ।ਇਹ ਤਾਂ ਮੇਰੇ ਬਾਪ ਦੀ ਨਿਸ਼ਾਨੀ ਹੈ।ਤੁਹਾਡੀ ਮਾਂ ਤੇ ਮੇਰਾ ਸਜਾਇਆ ਹੋਇਆ ਸੁਪਨਾ ਏ।ਵੇਚਣਾ ਕਿਉਂ ਹੈ?"
"ਬਾਊ ਜੀ! ਇੰਨੀ ਜਗਾਂ ਦਾ ਆਪਾਂ ਕਰਨਾ ਕੀ ਏ? ਜਿੱਥੇ ਸਾਡੇ ਦਾਣੇ ਲਿਖੇ ਨੇ ਭਗਵਾਨ ਨੇ ਸਾਨੂੰ ਤਾਂ ਉਥੇ ਹੀ ਰਹਿਣਾ ਪੈਣਾ।ਫਿਰ ਇੰਨਾ ਵੱਡਾ ਘਰ, ਸੌ ਚੋਰੀ ਚਕਾਰੀ।ਇਹਦਾ ਬਥੇਰਾ ਮੁੱਲ ਮਿਲ ਜਾਣਾ।ਮੇਨ ਰੋਡ ਦੀ ਥਾਂ ਦਾ ਇਹੀ ਤਾਂ ਵਾਧਾ ਹੁੰਦਾ।ਇੱਕ ਨਿੱਕਾ ਜਿਹਾ ਫਲੈਟ ਲੈ ਲੈਂਦੇ ਆ ਸ਼ਹਿਰ।ਤੁਸੀਂ ਉੱਥੇ ਰਹੋ।ਸਾਡੇ ਕੋਲ ਆਉ ਜਾਓ।ਨਾਲੇ ਨਿਸ਼ਾਤ ਨੇ ਵੀ ਪੂਨੇ ਕੋਈ ਸਿਰ ਲੁਕਾਵਾਂ ਕਰਨਾ ਹੈ।ਕਿਰਾਇਆਂ 'ਤੇ ਕਿੰਨਾ ਚਿਰ ਨਿਕਲਦਾ ਤੁਹਾਨੂੰ ਪਤਾ।"
ਪ੍ਰਸ਼ੋਤਮ ਦਾਸ ਸਭ ਸਮਝ ਗਏ।ਇਹ ਹਿੱਸੇ ਆਉਂਦੀ ਮਾਇਆ ਦਾ ਮਸਲਾ ਸੀ।
ਉਹਨਾਂ ਦਾ ਮਨ ਉੱਖੜ ਗਿਆ।ਸੋਚਣ ਲੱਗੇ, ਕੈਸੀ ਔਲਾਦ ਹੈ ਇਹ।ਬਾਪ ਦੀ ਅਰਥੀ ਤਾਂ ਉਠ ਲੈਣ ਦਿੰਦੇ।ਫਿਰ ਸਾਰਾ ਕੁਝ ਤੁਹਾਡਾ ਹੀ ਸੀ।

ਉਖੜੇ ਮਨ, ਉਦਾਸ ਰੂਹ ਨਾਲ ਉਹਨਾਂ ਕਿਸੇ ਗੱਲ ਵਿੱਚ ਨਾ ਹੂੰਅ ਕੀਤੀ ਨਾ ਹਾਂ।ਮੋਹਨ ਖ਼ੁਦ ਹੀ ਸਾਰਾ ਕੁਝ ਕਰਦਾ ਰਿਹਾ।ਘਰ ਵਿਕਿਆ।ਪੈਰਾਡਾਈਜ਼ ਸੁਸਾਇਟੀ ਵਿੱਚ ਫਲੈਟ ਲਿਆ ਤੇ ਬਚਿਆ ਖੁਚਿਆ ਦੋਹਾਂ ਭਾਈਆਂ ਜੇਬਾਂ ਵਿੱਚ ਪਾ ਲਿਆ।
ਪ੍ਰਸ਼ੋਤਮ ਦਾਸ ਹੁਣਾਂ ਕੋਲੋਂ ਤਾਂ ਪੈਨਸ਼ਨ ਦੇ ਪੈਸੇ ਵੀ ਨਹੀਂ ਸਨ ਮੁੱਕਦੇ।
ਬਾਪ ਕੋਲ ਕਾਫੀ ਕੁਝ ਜੁੜਿਆ ਪਿਆ ਹੈ ਇਹ ਤਾਂ ਦੋਵੇਂ ਮੁੰਡੇ ਵੀ ਜਾਣਦੇ ਸਨ।

ਬਾਰਾਂ ਨੰਬਰ ਫਲੈਟ ਦੇ ਬਾਹਰ ਤਖ਼ਤੀ ਲਟਕ ਗਈ ਸੀ।ਜਿਸ ਤੇ ਅੱਜ ਵੀ ਲਿਖਿਆ ਚਮਕਦਾ ਹੈ, ਬੇਸ਼ੱਕ ਪਹਿਲਾਂ ਨਾਲੋਂ ਫਿੱਕਾ ਹੈ-ਪ੍ਰਸ਼ੋਤਮ ਦਾਸ, ਸੇਵਾ ਮੁੱਕਤ ਬੈਂਕ ਮੇਨੇਜ਼ਰ।

****

ਪ੍ਰਸ਼ੋਤਮ ਦਾਸ ਸਾਰਾ ਦਿਨ ਘਰ ਹੀ ਰਹਿੰਦੇ।ਇਸ ਵੱਡੀ ਸੁਸਾਇਟੀ ਵਿੱਚ ਉਹਨਾਂ ਨੂੰ ਬੇਗਾਨਗੀ ਦਾ ਅਹਿਸਾਸ ਹੁੰਦਾ।ਬੱਸ ਸਵੇਰੇ ਸ਼ਾਮ ਟਹਿਲਣ ਲਈ ਪਾਰਕ ਵਿੱਚ ਜਾਂਦੇ।ਕਦੇ ਕਿਸੇ ਦਿਨ ਚਿੱਤ ਹੁੰਦਾ ਜਾਂ ਕੋਈ ਲੋੜ ਤਾਂ ਸੁਸਾਇਟੀ ਵਿੱਚ ਬਣੇ ਡੀਪਾਰਟਮੈਂਟਲ ਸਟੋਰ 'ਤੇ ਗੇੜਾ ਮਾਰ ਆਉਂਦੇ।ਸਟੋਰ ਵਾਲੇ ਸੋਚੀ ਨਾਲ ਗੱਲਾਂ ਮਾਰਦੇ।ਲੋੜ ਦੀ ਕੋਈ ਸ਼ੈਅ ਖ੍ਰੀਦ ਲੈਂਦੇ।ਦੋ-ਦੋ ਘੰਟੇ ਦੁਨੀਆਂ ਭਰ ਦੀਆਂ ਗੱਲਾਂ ਕਰਦੇ ਤੇ ਫਿਰ ਕਦੇ ਦੋ-ਦੋ ਮਹੀਨੇ ਉੱਧਰ ਜਾਦੇ ਹੀ ਨਾ।ਕੁਝ ਚਾਹੀਦਾ ਹੁੰਦਾ ਤਾਂ ਕੰਮ ਵਾਲੀ ਕੁੜੀ ਨੂੰ ਆਖ ਦਿੰਦੇ।ਉਹ ਪੈਸੇ ਲੈਂਦੀ ਤੇ ਚੀਜ਼ ਲਿਆ ਦਿੰਦੀ।

ਇੱਕ ਰੋਜ਼ ਬਹੁਤ ਸਵੇਰੇ ਡੋਰ ਬੈੱਲ ਵੱਜੀ।
ਬਾਹਰ ਦਰਵਾਜ਼ੇ 'ਤੇ ਉਹਨਾਂ ਦੀ ਕੋਈ ਹਮ ਉੱਮਰ ਔਰਤ ਖੜ੍ਹੀ ਸੀ।
"ਸੌਰੀ ਤੁਹਾਨੂੰ ਇੰਨੀ ਸਵੇਰੇ ਤਕਲੀਫ਼ ਦਿੱਤੀ।ਅਸਲ ਵਿੱਚ ਮੇਰਾ ਗੈਸ ਸਿਲੰਡਰ ਖਤਮ ਹੋ ਗਿਆ।ਜੇ ਤੁਹਾਡੇ ਕੋਲ ਐਕਸਟਰਾ ਪਿਆ ਹੋਵੇ ਤਾਂ...।ਦੁਪਹਿਰ ਤੱਕ ਆ ਜਾਏਗਾ।ਮੈਂ ਬੁੱਕ ਕਰ ਦਿੱਤਾ ਹੈ।"
ਪ੍ਰਸ਼ੋਤਮ ਦਾਸ ਨੇ ਪਹਿਲਾਂ ਕਦੇ ਉਸਨੂੰ ਦੇਖਿਆ ਨਹੀਂ ਸੀ।ਪਰ ਗੁਆਂਢੀ ਹੋਣ ਦੇ ਨਾਤੇ ਉਹਨਾਂ ਮੱਦਦ ਕਰਨੀ ਜ਼ਰੂਰੀ ਸਮਝੀ।
"ਮੈਂ ਲਿਆਉਂਦਾ ਜੀ।" ਉਹ ਅੰਦਰ ਗਏ।ਸਟੋਰ ਰੂਮ ਵਿੱਚੋਂ ਖਿਚ ਧੂ ਕਰਦੇ ਸਿਲੰਡਰ ਬਾਹਰ ਬਰੂਹਾਂ ਤੀਕ ਲੈ ਆਏ।

“ਬੁਲਾ ਲਓ ਘਰ ਤੋਂ ਕਿਸੇ ਨੂੰ।” ਉਹਨਾਂ ਕਿਹਾ ਤਾਂ ਨਹੀਂ ਪਰ ਇਸ ਵਾਕ ਦਾ ਅਰਥ ਸੀ, ਸਿਲੰਡਰ ਤਾਂ ਭਾਰਾ ਹੈ ਤੁਸੀਂ ਤਾਂ ਲਿਜਾ ਨਹੀਂ ਸਕੋਗੇ।
“ਘਰ ਮੇਰੇ ਬਿਨਾਂ ਤਾਂ ਹੋਰ ਕੋਈ ਨਹੀਂ ਹੈ।” ਉਸ ਔਰਤ ਨੇ ਝਕਦੇ ਜਿਹੇ ਆਖਿਆ।
“ਚਲੋ ਮੈਂ ਛੱਡ ਆਉਂਦਾ।ਕਿੱਧਰ...।” ਪ੍ਰਸ਼ੋਤਮ ਦਾਸ ਦੇ ਅਧੂਰੇ ਕਹੇ ਬੋਲਾਂ ਨੂੰ ਵੀ ਉਹ ਔਰਤ ਪੂਰਾ ਸਮਝ ਗਈ ਸੀ।
“ਸਾਹਮਣੇ ਤੇਰਾਂ ਨੰਬਰ ’ਚ।”
ਪ੍ਰਸ਼ੋਤਮ ਹੁਣਾਂ ਸਿਲੰਡਰ ਧੱਕਦੇ ਧਕਾਉਂਦੇ ਉਸਦੇ ਦਰਵਾਜ਼ੇ ਅੱਗੇ ਜਾ ਧਰਿਆ।
ਦਰਵਾਜ਼ਾ ਖੋਲ੍ਹ ਕੇ ਉਹ ਔਰਤ ਅੰਦਰ ਚਲ਼ੀ ਗਈ।ਅੰਦਰ ਲੱਗੇ ਸੋਹਣੇ ਮਾਰਬਲ ਉੱਪਰ ਸਿਲੰਡਰ ਖਿਚਿਆ ਨਹੀਂ ਸੀ ਜਾ ਸਕਦਾ।ਪ੍ਰਸ਼ੋਤਮ ਹੁਣਾਂ ਸਿਲੰਡਰ ਇੱਕ ਹੱਥ ਨਾਲ ਉਪਰ ਚੁੱਕਿਆ।ਕਮਰ ਦੂਜੇ ਪਾਸੇ ਨੂੰ ਝੁਕ ਗਈ।ਪ੍ਰੋਸ਼ਤਮ ਹੁਣਾਂ ਨੂੰ ਔਖ ਵਿੱਚ ਦੇਖ ਕੇ ਉਸ ਔਰਤ ਨੇ ਆਖਿਆ, “ਲਿਆਓ ਮੈਂ ਹੱਥ ਪਾਉਂਦੀ ਆ।” ਇਸ ਤੋਂ ਪਹਿਲਾਂ ਕਿ ਪ੍ਰਸ਼ੋਤਮ ਦਾਸ ਦੇ ਮੂੰਹੋਂ ਹਾਂ ਜਾਂ ਨਾਂਹ , ਵਰਗਾ ਕੋਈ ਲਫ਼ਜ਼ ਨਿਕਲਦਾ।ਉਸਨੇ ਸਿਲੰਡਰ ਦੂਜੇ ਪਾਸੇ ਤੋਂ ਫੜ੍ਹ ਲਿਆ।ਭਾਰ ਵੰਡਿਆ ਗਿਆ।ਪ੍ਰਸ਼ੋਤਮ ਹੁਣਾਂ ਸਿਲੰਡਰ ਫਿਟ ਕੀਤਾ ਤੇ ਗੈਸ ਚਾਲੂ ਕਰ ਦਿੱਤੀ।ਰਸੋਈ ਤੋਂ ਬਾਹਰ ਆ ਕੇ ਸ਼ਿੰਕ ਤੋਂ ਹੱਥ ਧੋਤੇ।
“ਚੰਗਾ ਜੀ!” ਉਹਨਾਂ ਇਜ਼ਾਜ਼ਤ ਮੰਗਣ ਵਾਲੇ ਲਹਿਜ਼ੇ ਵਿੱਚ ਆਖਿਆ।
“ਪਲੀਜ਼ ਬੈਠੋ ਮੈਂ ਚਾਹ ਬਣਾਉਂਦੀ ਹਾਂ।” ਉਸਨੇ ਬਹੁਤ ਹਲੀਮੀ ਨਾਲ ਆਖਿਆ।
“ਨਹੀਂ-ਨਹੀਂ ਚਾਹ ਦੀ ਤਾਂ ਜ਼ਰੂਰਤ ਨਹੀਂ।”
“ਜ਼ਰੂਰਤ ਤਾਂ ਚਾਹ ਦੀ ਹੋਣੀ ਵੀ ਕੀ ਹੁੰਦੀ ਹੈ ਇਹ ਤਾਂ ਇੱਕ ਮਹਿਮਾਨ ਨਿਵਾਜ਼ੀ ਦੀ ਰਸਮ ਹੈ।”
“ਨਹੀਂ ਜੀ ਮਹਿਮਾਨ ਨਿਵਾਜ਼ੀ ਵੀ ਤਾਂ ਕਾਹਦੀ।ਆਪਾਂ ਤਾਂ ਗੁਆਂਢੀ ਹਾਂ।”
“ਫਿਰ ਪੰਜ ਮਿੰਟ ਬੈਠੋ।ਇਉਂ ਚੰਗਾ ਨਹੀਂ ਲੱਗਦਾ।ਮੈਂ ਬਹੁਤ ਤਕਲੀਫ਼ ਦਿੱਤੀ ਤੁਹਾਨੂੰ।” ਉਸ ਔਰਤ ਦੀ ਅਵਾਜ਼ ਪਹਿਲਾਂ ਨਾਲੋਂ ਵੀ ਵੱਧ ਹਲੀਮੀ ਸੀ।
“ਚਲੋ ਮੈਂ ਬੈਠਦਾ।” ਪ੍ਰਸ਼ੋਤਮ ਦਾਸ ਨੇ ਚਾਹ ਪੀਣ ਦਾ ਫੈਸਲਾ ਮਨ ਵਿੱਚ ਕਰ ਲਿਆ ਸੀ।ਉਹ ਬੜੇ ਸਤਿਕਾਰ ਨਾਲ ਉਹਨਾਂ ਨੂੰ ਸੀਟਿੰਗ ਏਰੀਆ ਵਿੱਚ ਲੈ ਗਈ।
“ਤੁਸੀਂ ਬੈਠੋ।ਮੈਂ ਆਈ।” ਉਹ ਮੁੜ ਕਿਚਨ ਵੱਲ ਮੁੜ ਗਈ।
ਪ੍ਰਸ਼ੋਤਮ ਦਾਸ ਬੜੇ ਸੰਕੋਚ ਜਿਹੇ ਵਿੱਚ ਬੈਠੇ ਇੱਧਰ ਉੱਧਰ ਦੇਖਦੇ ਰਹੇ।ਘਰ ਵਿੱਚ ਸੰਗੀਤਕ ਸਾਜ਼ਾਂ ਦੀਆਂ ਕਈ ਤਸਵੀਰਾਂ ਸਨ।ਇੱਕ ਨੁਕਰੇ ਪੁਰਾਣਾ ਗ੍ਰਾਮੋਫੋਨ ਪਿਆ ਸੀ।ਸਾਹਮਣੀ ਦੀਵਾਰ ’ਤੇ ਵੀਣਾ ਲਟਕਦੀ ਪਈ ਸੀ।ਸਭ ਕੁਝ ਕਿਸੇ ਸਲੀਕੇ ਨਾਲ ਸਜਾਇਆ ਹੋਇਆ ਸੀ।

ਚਾਹ ਆਈ।ਟੇਬਲ ’ਤੇ ਸੱਜ ਗਈ।
“ਚੀਨੀ ਨਾਰਮਲ ਰਹਿਣ ਦਿਆਂ ਜਾਂ ਬਿਲਕੁਲ ਫਿੱਕੀ ਲਓਗੇ?”
ਮਿੱਠੇ ਦੇ ਬਹਾਨੇ ਚੁਫ਼ੇਰੇ ਫੈਲੀ ਚੁੱਪ ਟੁੱਟੀ।
“ਬਸ ਐਵੇ ਨਾ-ਮਾਤਰ ਜਿਹੀ।”
...ਤੇ ਦੋਨੋਂ ਚੁੱਪ ਚਾਪ ਚਾਹ ਪੀਣ ਲੱਗੇ।
ਚਾਹ ਪੀਂਦਿਆਂ, ਪ੍ਰਸ਼ੋਤਮ ਦਾਸ ਦਾ ਧਿਆਨ ਮੁੜ ਉਸ ਵੀਨਾ ਵੱਲ ਚਲਾ ਗਿਆ।
“ਤੁਸੀਂ ਗਾਉਂਦੇ ਹੋ?” ਉਹ ਪੁੱਛੇ ਬਿਨ ਰਹਿ ਨਾ ਪਾਏ।
“ਨਹੀਂ-ਨਹੀਂ।ਮੈਂ ਗਾਉਂਦੀ ਤਾਂ ਨਹੀਂ ਪਰ ਮਿਊਜ਼ਿਕ ਸਿਖਾਉਂਦੀ ਸੀ ਮੈਂ।ਆਈ ਮੀਨ ਮੈਂ ਮਿਊਜ਼ਿਕ ਟੀਚਰ ਸੀ।”
“ਵਾਹ! ਬਹੁਤ ਚੰਗੀ ਗੱਲ ਹੈ।ਪਰ ਮੈਂ ਤੁਹਾਨੂੰ ਪਹਿਲਾਂ ਤਾਂ ਇੱਥੇ ਨਹੀਂ ਦੇਖਿਆ ।ਮੈਂ ਜਦੋਂ ਦਾ ਇੱਥੇ ਸ਼ਿਫਟ ਹੋਇਆ..।”
“ਜੀ! ਮੈਂ ਆਪਣੇ ਬੇਟੇ ਕੋਲ ਗਈ ਸੀ ਯੂ.ਕੇ।ਦੋ ਹਫ਼ਤੇ ਪਹਿਲਾਂ ਹੀ ਮੁੜੀ ਹਾਂ।ਉਂਝ ਵੀ ਮੈਂ ਬਹੁਤਾ ਕਦੇ ਬਾਹਰ ਨਹੀਂ ਨਿਕਲਦੀ।ਇਹਨਾਂ ਥਾਵਾਂ ਦੀ ਜ਼ਿੰਦਗੀ ਹੈ ਵੀ ਤਾਂ ਐਸੀ।ਬਾਹਰ ਨਿਕਲ ਕੇ ਕਰਨਾ ਕੀ ਹੈ? ਮਿਲਣਾ ਕਿਸਨੂੰ ਹੈ।” ਇਸ ਵਾਰ ਉਸਨੇ ਕਿੰਨੀਆਂ ਸਾਰੀਆਂ ਗੱਲਾਂ ਕਰ ਲਈਆਂ ਸਨ।
“ਜੀ ਬਿਲਕੁਲ ਠੀਕ ਕਿਹਾ ਤੁਸੀਂ।”
ਚਾਹ ਦਾ ਪਿਆਲਾ ਖਾਲੀ ਹੋ ਗਿਆ।ਪ੍ਰਸ਼ੋਤਮ ਦਾਸ ਨੇ ਕੱਪ ਮੇਜ਼ ’ਤੇ ਰੱਖਿਆ।ਉਠ ਖੜ੍ਹੇ ਹੋਏ।
“ਚੰਗਾ ਜੀ!” ਉਹਨਾਂ ਨੂੰ ਕਹਿਣ ਲਈ ਹੋਰ ਕੋਈ ਸ਼ਬਦ ਨਹੀਂ ਸੀ ਸੁਝਿਆ।
“ਜੀ ਸ਼ਾਮ ਤੀਕ ਆ ਜਾਏਗਾ ਸਿਲੰਡਰ ਤਾਂ...” ਔਰਤ ਨੇ ਗੱਲ ਪੂਰੀ ਨਹੀਂ ਸੀ ਕੀਤੀ ਅਜੇ ਕਿ ਪ੍ਰਸ਼ੋਤਮ ਦਾਸ ਪਹਿਲਾਂ ਹੀ ਬੋਲ ਪਏ।

"ਅਰੇ ਕੋਈ ਗੱਲ ਨਹੀਂ ਆ ਜਾਏਗਾ।" ਉਹ ਸਹਿਜ ਕਦਮੀਂ ਤੁਰਦੇ ਬਾਹਰ ਹੋ ਗਏ।ਪਿੱਛੇ ਮੁੜ ਕੇ ਵੀ ਨਹੀਂ ਦੇਖਿਆ।

ਉਸੇ ਹੀ ਦਿਨ ਦੁਪਹਿਰ ਤੋਂ ਮਗਰੋਂ ਸਿਲੰਡਰਾਂ ਵਾਲਾ ਮੁੰਡਾ ਹੀ ਸਿੱਧਾ ਸਿਲੰਡਰ ਉਹਨਾਂ ਦੇ ਸਟੋਰ ਵਿੱਚ ਧਰ ਗਿਆ।ਪ੍ਰਸ਼ੋਤਮ ਦਾਸ ਹੁਣਾਂ ਕਈ ਦਿਨ ਦੇਖਿਆ, ਸਾਹਮਣੇ ਵਾਲੇ ਫਲੈਟ ਦਾ ਦਰਵਾਜ਼ਾ ਮੁੜ ਨਹੀਂ ਸੀ ਖੁਲ੍ਹਿਆ।ਨਾ ਕੋਈ ਉਧਰ ਆਉਂਦਾ ਸੀ  ਨਾ ਜਾਂਦਾ ਸੀ।ਬੱਸ ਇੱਕ ਚਮਕਦੇ ਅੱਖਰਾਂ ਵਾਲੀ ਨੇਮ ਪਲੇਟ ਦਰਵਾਜ਼ੇ ਦੇ ਬਾਹਰ ਲਟਕਦੀ ਸੀ, ਜਿਸ ਉੱਪਰ 'ਸਰਗਮ ਨਿਵਾਸ' ਲਿਖਿਆ ਹੋਇਆ ਸੀ।
"ਸ਼ਾਇਦ ਉਸ ਔਰਤ ਦਾ ਨਾਮ ਸਰਗਮ ਹੋਵੇ।" ਪ੍ਰਸ਼ੋਤਮ ਦਾਸ ਸੋਚਦੇ।
ਉਹਨਾਂ ਦਾ ਮਨ ਕੀਤਾ, ਉਹ ਮੁੜ ਉਸ ਔਰਤ ਨੂੰ ਮਿਲਣ।ਇੰਨੀ ਇਕੱਲਤਾ, ਇੰਨੀ ਚੁੱਪ।ਸ਼ਾਤੀ।ਇਹ ਸਧਾਰਨ ਨਹੀਂ ਸੀ।ਪਰ  ਬਾਰਾਂ ਨੰਬਰ ਫਲ਼ੈਟ ਤੋਂ ਤੇਰਾਂ ਨੰਬਰ ਫਲ਼ੈਟ ਤੱਕ ਦਾ ਸਫ਼ਰ ਆਸਾਨ ਨਹੀਂ ਸੀ।
ਬਿਨਾਂ ਮਲਤਬ ਤੋਂ ਕਿਵੇਂ ਕਿਸੇ ਦੇ ਘਰ ਜਾਇਆ ਜਾ ਸਕਦਾ ਸੀ।ਉਹ ਸੋਚਣ ਲੱਗੇ, ਪਹਿਲੇ ਸਮੇਂ ਵੀ ਕਿਆ ਖ਼ੂਬਸੂਰਤ ਸਮੇਂ ਸਨ।ਉਦੋਂ ਬੰਦ ਦਰਵਾਜ਼ੇ ਲੋਕ ਮਾੜੇ ਮੰਨਦੇ ਸਨ।ਕਿਸੇ ਦੇ ਘਰ ਜਾਣ ਲਈ ਨਾ ਤਾਂ ਇਜ਼ਾਜ਼ਤ ਚਾਹੀਦੀ ਹੁੰਦੀ ਸੀ ਨਾ ਕੋਈ ਖਾਸ ਬਹਾਨਾ।
ਕਿੰਨਾ ਸੁੰਗੜ ਗਿਆ ਹੈ ਮਨੁੱਖ।ਕਿੰਨਾ ਸੰਕੋਚ ਹੈ ਹੁਣ ਰਿਸ਼ਤਿਆ ਵਿੱਚ।ਉਹਨਾਂ ਝਾਤ ਮਾਰੀ।ਇੰਨੀ ਵੱਡੀ ਇਸ ਬਿਲਡਿੰਗ ਵਿਚ ਕਿੰਨੇ ਫਲੈਟ ਨੇ।ਉਹਨਾਂ ਅੰਦਰ ਕਿੰਨੇ ਮਨੁੱਖ ਨੇ।ਪਰ ਕਿਸੇ ਦਾ ਕਿਸੇ ਨਾਲ ਕੋਈ ਨਾਤਾ ਨਹੀਂ।

****

ਸਿਆਲੀ ਰੁੱਤ ਸੀ।
ਠੰਢੀ।ਜੰਮੀ ਹੋਈ।ਉਦਾਸ ਜਿਹੀ।
ਡੋਰ ਬੈੱਲ ਹੋਈ।ਦਰਵਾਜ਼ਾ ਖੁਲ੍ਹਿਆ।ਸਾਹਮਣੇ ਉਹ ਔਰਤ ਖੜ੍ਹੀ ਸੀ।
ਪੂਰੇ ਇੱਕ ਮਹੀਨੇ ਤੇ ਛੇ ਦਿਨਾਂ ਬਾਅਦ।
"ਸਾਗ ਬਣਾਇਆ ਸੀ।ਸੋਚਿਆ ਤੁਹਾਨੂੰ ਦੇ ਆਵਾਂ।"
ਪ੍ਰਸ਼ੋਤਮ ਦਾਸ ਸਮਝ ਨਹੀਂ ਪਾਏ, ਉਸਦੇ ਚਿਹਰੇ 'ਤੇ ਸੰਕੋਚ ਹੈ।ਵਿਸ਼ਵਾਸ਼ ਹੈ ਜਾਂ ਕੀ ਹੈ।ਪਰ ਸਾਗ-ਸਬਜ਼ੀ ਦੀ ਉਮੀਦ ਤਾਂ ਉਹਨਾਂ ਨੂੰ ਜ਼ਰਾ ਵੀ ਨਹੀਂ ਸੀ।
"ਅੰਦਰ ਆ ਜਾਓ।"
ਪ੍ਰਸ਼ੋਤਮ ਦਾਸ ਝਕਦੇ ਜਿਹੇ ਬੋਲੇ।
ਉਹ ਔਰਤ ਬਿਨਾਂ ਕੁਝ ਕਹੇ ਅੰਦਰ ਆ ਗਈ।
"ਤੁਸੀਂ ਬੈਠੋ ਮੈਂ ਇਹ ਕਿਚਨ ਵਿੱਚ ਰੱਖ ਕੇ ਆਉਂਦਾ।"
...ਤੇ ਵਾਪਸ ਆ ਕੇ ਉਹਨਾਂ ਗੱਲ ਕਰਨ ਲਈ ਜਿਵੇਂ ਬਹਾਨਾ ਲੱਭਣਾ ਹੁੰਦਾ ਹੈ।ਉਸੇ ਤਰ੍ਹਾਂ ਸਵਾਲ ਕੀਤਾ, "ਚਾਹ ਲਓਗੇ ਜਾਂ ਕੌਫੀ?"
"ਕੁਝ ਵੀ ਨਹੀਂ।ਅਸਲ ਵਿੱਚ ਮੈਂ ਕੋਈ ਮੈਡੀਸੀਨ ਲੈ ਕੇ ਆਈ ਹਾਂ।ਅੱਧਾ-ਪੌਣਾ ਘੰਟਾ ਕੁਝ ਵੀ ਨਹੀਂ ਲੈਣਾ ਹੁੰਦਾ।"
"ਚਲੋਂ ਅੱਧਾ ਘੰਟਾ ਰੁੱਕ ਕੇ ਲੈ ਲੈਣਾ।" ਪ੍ਰਸ਼ੋਤਮ ਦਾਸ ਜਿਵੇਂ ਉਸਨੂੰ ਰੁੱਕਣ ਲਈ, ਬੈਠਣ ਲਈ ਕਹਿ ਰਹੇ ਹੋਣ।ਉਹ ਬੋਲ ਗਏ ਤੇ ਫਿਰ ਆਪਣੇ ਬੋਲੇ ਤੇ ਰਤਾ ਕੁ ਝੇਪ ਵੀ ਗਏ।
"ਕੋਈ ਫਾਰਮੈਲਟੀ ਵਾਲੀ ਗੱਲ ਨਹੀਂ ਹੈ।" ਉਸਨੇ ਸਹਿਜ ਰਹਿੰਦਿਆਂ ਜਵਾਬ ਦਿੱਤਾ।
"ਸਰਗਮ ਨਿਵਾਸ ਲਿਖਿਆ ਪੜ੍ਹਿਆ ਮੈਂ ਤੁਹਾਡੇ ਦਰਵਾਜ਼ੇ 'ਤੇ।ਬਹੁਤ ਸੋਹਣਾ ਨਾਮ ਰੱਖਿਆ ਤੁਸੀਂ ਘਰ ਦਾ।ਸੰਗੀਤ ਦਾ ਘਰ।" ਪ੍ਰਸ਼ੋਤਮ ਦਾਸ ਘਰ ਦੇ ਨਾਮ ਤੋਂ ਸ਼ਾਇਦ ਉਸ ਔਰਤ ਦੇ ਨਾਮ ਤੱਕ ਆਉਂਣਾ ਚਾਹੁੰਦੇ ਸਨ।
"ਸਰਗਮ ਮੇਰੀ ਪੋਤੀ ਦਾ ਨਾਮ ਹੈ।ਉਹ ਦੂਰ ਰਹਿੰਦੀ ਹੈ ਸੋ ਇੰਝ ਉਸਨੂੰ ਕੋਲ ਫੀਲ ਕਰ ਲੈਂਦੀ ਹਾਂ।" ਉਸਨੇ ਦੱਸਿਆ ਤੇ ਪ੍ਰਸ਼ੋਤਮ ਦਾਸ ਹੱਸ ਪਏ, "ਮੈਂ ਤਾਂ ਸੋਚਦਾ ਸੀ ਕਿਤੇ ਤੁਹਾਡਾ ਨਾਮ ਹੈ।"
"ਸਾਡੇ ਵੇਲੇ ਕਿਤੇ ਇਹੋ ਜਿਹੇ ਨਾਮ ਹੁੰਦੇ ਸੀ ਭਲਾ।ਮੇਰਾ ਤਾਂ ਨਾਮ ਅਜੀਤ ਹੈ।" ਉਸਨੇ ਬਿਨਾਂ ਕਿਸੇ ਖਾਸ ਉਚੇਚ ਦੇ ਆਪਣਾ ਨਾਮ ਦੱਸ ਦਿੱਤਾ।
"ਪੋਤੀ ਕੋਲ ਕਿਉਂ ਨਹੀਂ ਰੁੱਕਦੇ?" ਪ੍ਰਸ਼ੋਤਮ ਹੁਣਾਂ ਸ਼ਾਇਦ ਮੁਨਾਸਿਫ਼ ਸਵਾਲ ਨਹੀਂ ਸੀ ਕੀਤਾ।ਉਹਨਾਂ ਨੂੰ ਖ਼ੁਦ ਨੂੰ ਬਾਅਦ ਵਿੱਚ ਲਗਿਆ।

“ਮੇਰੇ ਵੱਸ ਦੀ ਗੱਲ ਨਹੀਂ।ਘੁੱਟ ਕੇ ਵੱਟ ਕੇ ਮੇਰੇ ਕੋਲੋਂ ਰਹਿ ਨਹੀਂ ਹੋਣਾ।ਫੇਰ ਨਾ ਹੀ ਮੈਂ ਉਹਨਾਂ ਦੀ ਸਪੇਸ ਵਿੱਚ ਕੋਈ ਖਲਨ ਪਾਉਂਣਾ ਚਾਹੁੰਦੀ ਹਾਂ।” ਅਜੀਤ ਹੁਣਾਂ ਗੰਭੀਰ ਜਿਹਾ ਜਵਾਬ ਦਿੱਤਾ।
“ਵੈਸੇ ਕੈਸਾ ਵਕਤ ਆ ਗਿਆ।ਮਾਪੇ ਵੀ ਬੱਚਿਆਂ ਲਈ ਖਲਨ ਬਣਨ ਲੱਗੇ ਨੇ…।” ਪ੍ਰਸ਼ੋਤਮ ਦਾਸ ਫ਼ਿਕਰ ਵਿੱਚ ਪੈ ਗਏ।
“ਕਈ ਪਹਿਲੂ ਨੇ ਇਸ ਗੱਲ ਦੇ ਵੀ।ਬੱਚਿਆਂ ਦੀ ਵੀ ਆਪਣੀ ਹੀ ਦੁਨੀਆ ਹੈ।ਸੋ ਠੀਕ ਹੈ ਜੋ ਹੈ।” ਅਜੀਤ ਹੁਣਾਂ ਮੁੜ ਸਰਦ ਸਾਹ ਛੱਡਿਆ।
ਗੱਲ-ਬਾਤ ਦਾ ਰੁਖ ਬੜਾ ਸੰਜੀਦਾ ਹੋ ਰਿਹਾ ਸੀ।
ਪ੍ਰਸ਼ੋਤਮ ਹੁਣਾਂ ਵਾਤਾਵਰਨ ਨੂੰ ਥੋੜ੍ਹਾ ਹਲਕਾ ਕਰਨ ਲਈ, ਮੁੜ ਚਾਹ-ਕੌਫ਼ੀ ਦੀ ਗੱਲ ਛੇੜ ਲਈ।
“ਚਾਹ ਬਣਾਵਾਂ ਜਾਂ ਕੌਫ਼ੀ?”
“ਤੁਸੀਂ ਖ਼ੁਦ ਬਣਾਓਗੇ ਤਾਂ ਕੁਝ ਵੀ ਨਹੀਂ ਲੈਣਾ।” ਅਜੀਤ ਹੁਣਾਂ ਜ਼ਰਾ ਹੱਸਦਿਆਂ ਆਖਿਆ।
“ਕੰਮ ਵਾਲੀ ਕੁੜੀ ਨੇ ਅਜੇ ਲੇਟ ਆਉਣਾ ਹੈ।ਬੇਫਿਕਰ ਰਹੋ।ਮੈਂ ਠੀਕ-ਠਾਕ ਬਣਾ ਲੈਂਦਾ ਚਾਹ ਕੌਫੀ।” ਪ੍ਰਸ਼ੋਤਮ ਦਾਸ ਵੀ ਹੱਸ ਪਏ।
“ਠੀਕ ਹੈ।ਫੇਰ ਚਾਹ ਹੀ ਠੀਕ ਹੈ।”

ਚਾਹ-ਬਿਸਕੁੱਟ ਟ੍ਰੇਅ ਵਿੱਚ ਰੱਖ ਕੇ ਪ੍ਰੋਸ਼ਤਮ ਦਾਸ ਅਜੀਤ ਹੁਣਾਂ ਦੇ ਸਾਹਮਣੇ ਆ ਬੈਠੇ।
“ਮੈਨੂੰ ਪਤਾ ਨਹੀਂ ਪੁੱਛਣਾ ਚਾਹੀਦਾ ਜਾਂ ਨਹੀਂ।ਪਰ ਤੁਸੀਂ ਇੰਝ…।”ਚਾਹ ਦਾ ਕੱਪ ਚੁੱਕਦਿਆਂ ਅਜੀਤ ਨੇ ਪੁੱਛ ਲਿਆ।
“ਇਕੱਲ ਹਿਸੇ ਆਈ ਹੁੰਦੀ ਹੈ ਕਈ ਲੋਕਾਂ ਦੇ ਮੈਨੂੰ ਲੱਗਦਾ।” ਪ੍ਰਸ਼ੋਤਮ ਹੁਣਾਂ ਇੱਕ ਟੱਕ ਉਹਨਾਂ ਵਾਲ ਦੇਖਦਿਆਂ ਆਖਿਆ, “ਬੀਵੀ ਗੁਜ਼ਰ ਗਈ।ਬੱਚੇ ਆਪਣੇ-ਆਪਣੇ ਕੰਮਾਂ ਵਿੱਚ ਮਸ਼ਰੂਫ਼ ਨੇ।ਉਹਨਾਂ ਨਾਲ ਰਹਿਣ ਲਈ ਕਦੇ ਪੁੱਛਿਆ ਨਹੀਂ।ਮੈਂ ਖ਼ੁਦ ਕਦੇ ਆਖਿਆ ਨਹੀਂ।”
“ਸਭ ਤਰਫ਼ ਇਹੀ ਹਾਲਾਤ ਨੇ…।”
…ਤੇ ਦੋਨਾਂ ਵਿਚਾਲੇ ਇੱਕ ਚੁੱਪ ਫੈਲ ਗਈ।

“ਤੁਸੀਂ ਬੋਰ ਨਹੀਂ ਹੁੰਦੇ…।” ਪ੍ਰਸ਼ੋਤਮ ਮੁੜ ਚੁੱਪ ਤੋੜਦੇ ਨੇ।
“ਹੋ ਜਾਂਦੀ ਹਾਂ ਕਦੇ-ਕਦੇ।ਮਨ ਤਾਂ ਮਨ ਹੁੰਦਾ।ਥੋੜ੍ਹੀ ਬਹੁਤ ਤ੍ਰਲਤਾ ਤਾਂ ਬਚ ਹੀ ਜਾਂਦੀ ਹੈ ਇਸ ਵਿੱਚ।” ਉਹਨਾਂ ਇਉਂ ਜਵਾਬ ਦਿੱਤਾ ਜਿਵੇਂ ਪੱਥਰ ਦਾ ਕੋਈ ਬੁੱਤ ਹੁਣੇ-ਹੁਣੇ ਸੰਜੀਵ ਹੋ ਗਿਆ ਹੋਵੇ।
“ਸੈਰ ਲਈ ਆ ਜਾਇਆ ਕਰੋ।ਮੈਂ ਰੋਜ਼ ਸ਼ਾਮ ਨੂੰ ਨਿਕਲਦਾ ਸੱਤ ਕੁ ਵਜੇ।ਆਲਾ ਦੁਆਲਾ ਦੇਖ ਲਈਦਾ।ਵਰਨਾ ਇੱਥੇ ਤਾਂ ਛੱਤ ਉੱਪਰ ਬਾਲੇ ਵੀ ਨਹੀਂ ਨੇ, ਜਿੰਨਾਂ ਦੀ ਬੰਦੇ ਗਿਣਤੀ ਕਰ ਲੈਣੀ।”
“ਮੈਂ ਬੱਸ ਖ਼ੁਦ ਤੋਂ ਕਦੇ ਬਾਹਰ ਆ ਨਹੀਂ ਸਕੀ।” ਅਜੀਤ ਹੁਣਾਂ ਖਾਲੀ ਕੱਪ ਟੇਬਲ ’ਤੇ ਧਰਦਿਆਂ ਆਖਿਆ।
“ਕੋਸ਼ਿਸ਼ ਕਰਕੇ ਦੇਖਣਾ।” ਪ੍ਰਸ਼ੋਤਮ ਦਾਸ ਸਮਝ ਗਏ।ਬਹੁਤ ਕੁਝ ਹੈ ਅਜੀਤ ਦੇ ਮਨ ਵਿੱਚ।ਦੱਬਿਆ ਹੋਇਆ।ਬਾਹਰ ਆਉਣ ਲਈ ਕਾਹਲਾ।
“ਹੁਣ ਚੱਲਦੀ ਹਾਂ।” ਉਹਨਾਂ ਬੱਸ ਇਹੀ ਆਖਿਆ ਤੇ ਚੁੱਪ ਚਾਪ ਉਠ ਕੇ ਬਾਹਰ ਨੂੰ ਤੁਰ ਪਏ।ਪ੍ਰਸ਼ੋਤਮ ਦਾਸ ਨਾਲ ਆਏ।ਵਿਦਾ ਕੀਤਾ।ਦਰਵਾਜ਼ਾ ਬੰਦ ਕੀਤਾ।ਲੇਟ ਗਏ।ਅੱਖਾਂ ਬੰਦ ਕਰ ਲਈਆਂ।

ਜਦੋਂ ਅੱਖ ਖੁਲ੍ਹੀ।ਸੈਰ ’ਤੇ ਜਾਣ ਵਕਤ ਹੋਇਆ ਪਿਆ ਸੀ।ਪਰ ਅੱਜ ਪ੍ਰਸ਼ੋਤਮ ਦਾਸ ਬੜੇ ਥੱਕੇ ਜਿਹੇ ਮਹਿਸੂਸ ਕਰ ਰਹੇ ਸਨ।ਉਹਨਾਂ ਬਾਹਰ ਜਾਣ ਦਾ ਮਨ ਤਿਆਗ ਦਿੱਤਾ ਤੇ ਟੀ.ਵੀ ਦਾ ਸਵਿੱਚ ਆੱਨ ਕਰ ਦਿੱਤਾ।

*****
ਪ੍ਰਸ਼ੋਤਮ ਦਾਸ ਸੁਸਾਇਟੀ ਪਾਰਕ ਵਿੱਚ ਟਹਿਲ ਰਹੇ ਸਨ।
ਉਹਨਾਂ ਦੂਰੋਂ ਹੀ ਅਜੀਤ ਹੁਣਾਂ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤੇ ਰੁੱਕ ਕੇ ਉਡੀਕਣ ਲੱਗੇ।
“ਆ ਗਏ ਤੁਸੀਂ ਬਾਹਰ ਆਖਿਰ!” ਪ੍ਰਸ਼ੋਤਮ ਦਾਸ ਥੋੜ੍ਹਾ ਦੂਰ ਤੋਂ ਪੁੱਛਦੇ ਨੇ ਤੇ ਰਤਾ ਕੁ ਹੱਸਦੇ ਨੇ।
“ਮੈਂ ਕਿਹਾ ਦੇਖ ਆਵਾਂ ਮੈਂ ਵੀ ਆਲਾ ਦੁਆਲਾ।”
“ਬਹੁਤ ਚੰਗਾ ਕੀਤਾ।ਖ਼ੁਦ ਨੂੰ ਜਕੜੀ ਰੱਖਣਾ ਵੀ ਖ਼ੁਦ ਨੂੰ ਕਸ਼ਟ ਦੇਣ ਵਾਂਗ ਹੁੰਦਾ। ”
“ਕਸ਼ਟ ਹੋਰ ਹੁਣ ਕੀ ਹੋਣਾ ਪ੍ਰਸ਼ੋਤਮ ਜੀ।ਇਸ ਉਮਰੇ ਵੀ ਆਪਾਂ ਇਕੱਲੇ ਬੈਠੇ ਠੇਡੇ ਖਾ ਰਹੇ ਹਾਂ।”

“ਚਲੋ ਫਿਰ ਨਿਰਾਸ਼ ਤਾਂ ਨਹੀਂ ਹੋਈਦਾ ਨਾ।”
“ਨਿਰਾਸ਼ ਹੁੰਦੇ ਤਾਂ ਇਉਂ ਜੀ ਥੋੜ੍ਹਾ ਨਾ ਰਹੇ ਹੁੰਦੇ।ਮੈਂ ਤਾਂ ਖੁਸ਼ ਹਾਂ ਖ਼ੁਦ ਨਾਲ।” ਬਰਾਬਰ ਹੋ ਕੇ ਦੋਨੋਂ ਤੁਰਨ ਲੱਗੇ।
“ਮੇਰਾ ਬੇਟਾ ਉਦੋਂ ਅਜੇ ਛੋਟਾ ਹੀ ਸੀ ਜਦੋਂ ਮੇਰੇ ਹਸਬੈਂਡ ਗੁਜ਼ਰੇ।ਪਾਲਿਆ ਪੜ੍ਹਾਇਆ।ਮੈਂ ਜ਼ਿੰਦਗੀ ਉਸ ਉੱਤੋਂ ਵਾਰ ਸੁੱਟੀ।ਆਸ ਸੀ ਆਉਂਦਾ ਕੱਲ੍ਹ ਇਹਦੇ ਸਹਾਰੇ ਕੱਟਾਂਗੀ।ਵਿਆਹ ਕੀਤਾ।ਨੂੰਹ ਆਈ।ਬੇਟਾ ਆਪਣੀਆ ਦੁਨੀਆ ਵਿੱਚ ਗੁਆਚਾ।ਪ੍ਰਦੇਸ ਜਾ ਬੈਠ।ਾ”
“ਇਹ ਸਾਡੀ ਸੁਸਾਇਟੀ ਵਿੱਚ ਏਸ ਵੇਲੇ ਦੀ ਵੱਡੀ ਮੁਸ਼ਕਿਲ ਹੈ।” ਥੋੜ੍ਹਾ ਤੁਰ ਕੇ ਉਹ ਦੋ ਬਰਾਬਰ ਬੈਂਚਾਂ ਉੱਪਰ ਜਾ ਬੈਠੇ।ਪ੍ਰਸ਼ੋਤਮ ਦਾਸ ਨੂੰ ਸਮਝ ਨਹੀਂ ਸੀ ਆਇਆ ਕਿ ਹੁਣ ਉਹ ਹੋਰ ਕੀ ਆਖਣ?
“ਬੜੇ ਸਾਲ ਇਉਂ ਹੀ ਗਵਾਏ ਨੇ।ਜਦੋਂ ਉਹ ਕੋਲ ਸੀ, ਮੈਂ ਤਾਂ ਉਦੋਂ ਵੀ ਇਕੱਲੀ ਸਾਂ।ਹੁਣ ਇਸ ਇਕੱਲਤਾ ਦੀ ਜਿਵੇਂ ਆਦਤ ਪੈ ਗਈ ਹੈ।ਇਕੱਲੀ ਬੈਠੀ ਖ਼ੁਦ ਨਾਲ ਗੱਲਾਂ ਕਰ ਲੈਂਦੀ ਹਾਂ।ਜਦੋਂ ਉਹ ਇੱਥੇ ਸੀ ਉਦੋਂ ਮੈਂ ਚੁੱਪ ਹੰਢਉਂਦੀ ਸਾਂ।ਮੇਰੇ ਬੋਲਣ-ਕੁਝ ਕਹਿਣ ਦਾ ਨਾ ਘਰ ਵਿੱਚ ਨਾ ਅਸਰ ਸੀ ਨਾ ਕੋਈ ਪਸੰਦ ਕਰਦਾ ਸੀ।”

ਉਹ ਹੋਰ ਉਦਾਸ ਹੋ ਗਏ।ਚਿਹਰਾ ਹੋਰ ਗੰਭੀਰ ਹੋ ਗਿਆ।
ਫੇਰ ਮਨ ਵਿੱਚ ਕੁਝ ਆਇਆ।ਹਲਕਾ ਜਿਹਾ ਮੁਸਕੁਰਾਏ ਤੇ ਕਹਿਣ ਲੱਗੇ, “ਚਲੋ ਛੱਡੋ! ਤੁਹਾਡੀ ਸੈਰ ਦਾ ਮਜ਼ਾ ਵੀ ਗਵਾ ਦਿੱਤਾ ਮੈਂ।”
“ਨਹੀਂ -ਨਹੀਂ ਐਸੀ ਕੋਈ ਗੱਲ ਨਹੀਂ।ਗੱਲਾਂ ਕਰਨ ਨਾਲ ਮਨ ਹਲਕਾ ਹੁੰਦਾ।ਹੁਣ ਤਾਂ ਸਗੋਂ ਸਾਡੀ ਸੁਨਣ ਵਾਲਾ ਹੀ ਕੋਈ ਨਹੀਂ ਹੈ।” ਪ੍ਰਸ਼ੋਤਮ ਦਾਸ ਬੜੇ ਨਿਮਰ ਭਾਵ ਨਾਲ ਬੋਲੇ।
“ਇਹ ਨਾ ਸੁਨਣ ਵਾਲੀ ਗੱਲ ਵਧੇਰੇ ਦੁਖ ਦਿੰਦੀ ਹੈ ਤੁਹਾਨੂੰ ਪਤਾ।ਮੈਨੂੰ ਕੁਝ ਵੀ ਨਹੀਂ ਸੀ ਚਾਹੀਦਾ।ਬੱਸ ਇਹ ਜ਼ਰੂਰ ਚਾਹੁੰਦੀ ਸਾਂ, ਪਰਿਵਾਰ ਕੋਲ ਬੈਠੇ।ਗੱਲਾਂ ਕਰੀਏ।ਪਰ...।ਬੜੇ ਲੋਕ ਨੇ ਜੋ ਪਿਛਲੀਆਂ ਉਮਰਾਂ ’ਤੇ ਆ ਕੇ ਘੋਰ ਇਕੱਲਤਾ ਕੱਟਦੇ ਨੇ।”
“ਹਾਂ ਮੈਂ ਸਮਝਦਾ।ਗੱਲ ਸੁਨਣ ਵਾਲਾ ਕੋਈ ਤਾਂ ਹੋਣਾ ਚਾਹੀਦਾ...।”...ਤੇ ਉਹ ਚੁੱਪ ਹੋ ਗਏ।ਜਿਵੇਂ ਕੋਈ ਗੱਲ ਬਚੀ ਹੀ ਨਾ ਹੋਵੇ।ਕਿੰਨੀ ਹੀ ਦੇਰ ਚੁੱਪ ਬੈਠੇ ਰਹੇ।
ਚਲਦੀ ਹਾਂ!ਤੁਸੀਂ ਸੈਰ ਕਰੋ।” ਅਜੀਤ ਉਠ ਕੇ ਖਲੋ ਗਏ।
“ਬੱਸ ਹੋ ਗਈ ਸੈਰ ਤਾਂ।” ਪ੍ਰਸ਼ੋਤਮ ਰੁੱਕਣ ਲਈ ਕਹਿਣਾ ਚਾਹੁੰਦੇ ਸਨ।ਪਰ ਕਹਿ ਨਹੀਂ ਸਕੇ।

*****

ਪ੍ਰਸ਼ੋਤਮ ਦਾਸ ਦਾ ਫੋਨ ਵੱਜਿਆ।
ਅਜੀਤ-ਲਿਖਿਆ ਆ ਰਿਹਾ ਸੀ ਸਕਰੀਨ ’ਤੇ।
“ਹਾਂ ਜੀ!” ਫੋਨ ਚੁੱਕਦਿਆਂ ਉਹ ਬੋਲੇ।
“ਮੈਂ ਦੋ ਦਿਨ ਤੋਂ ਦੇਖ ਰਹੀ ਸਾਂ।ਤੁਸੀਂ ਸੈਰ ਲਈ ਨਹੀਂ ਆਏ?”
“ਤਬੀਅਤ ਖ਼ਰਾਬ ਸੀ।ਬੁਖ਼ਾਰ।ਖਾਂਸੀ।ਬੁਰੇ ਹਾਲ ਨੇ।”
“ਕੋਈ ਦਵਾ ਦਾਰੂ ਲਈ ਏ?”
“ਹਾਂਜੀ ਦਵਾਈ ਤਾਂ ਖਾ ਰਿਹਾ।”
“ਤੁਸੀਂ ਦੱਸ ਦਿੰਦੇ।ਕਿਸੇ ਚੀਜ਼ ਦੀ ਲੋੜ...।”
“ਨਹੀਂ ਕੋਈ ਐਸੀ ਗੱਲ ਨਹੀਂ।ਕੰਮ ਵਾਲੀ ਕੁੜੀ ਤਾਂ ਆ ਹੀ ਰਹੀ ਹੈ।ਸਗੋਂ ਖਾਣ ਨੂੰ ਚਿੱਤ ਨਹੀਂ ਕਰਦਾ ਕੁਝ।”
“ਮੌਸਮ ਵੀ ਥੋੜ੍ਹਾ ਇਹੋ ਜਿਹਾ ਅੱਜ-ਕੱਲ੍ਹ।ਕੁਝ ਖਾਣਾ ਤਾਂ ਦੱਸੋ।ਮੈਂ...।”
“ਮਨ ਹੀ ਨਹੀਂ ਕਰਦਾ।”
“ਦਲੀਆ ਬਣਾ ਦਿੰਦੀ ਆ।ਕੋਸਾ ਕੋਸਾ ਖਾ ਲਿਓ।ਚੰਗਾ ਹੁੰਦਾ।”
“ਵੈਸੇ ਕੋਈ ਲੋੜ ਤਾਂ ਨਹੀਂ।ਕਿਉਂ ਐਵੇ ਤਕਲੀਫ਼...।”
“ਦੱਸੋ ਇਹਦੇ ਵਿੱਚ ਕਾਹਦੀ ਤਕਲੀਫ਼।ਮੈਂ ਲੈ ਕੇ ਆਉਂਦੀ ਆ।”
ਫੋਨ ਬੰਦ ਹੋਇਆ ।
ਡੋਰ ਬੈੱਲ ਵੱਜੀ।

"ਤੁਸੀਂ ਤਾਂ ਕਾਫ਼ੀ ਬਿਮਾਰ ਹੋ।ਠੰਢ ਲਵਾ ਲਈ ਏ ਲੱਗਦਾ।" ਪ੍ਰਸ਼ੋਤਮ ਦਾਸ ਦੀ ਹਾਲਾਤ ਦੇਖ ਅਜੀਤ ਹੁਣਾਂ ਅੰਦਾਜ਼ਾ ਲਗਾਇਆਂ।
"ਮੈਂ ਤਾਂ ਵੈਸੇ ਕਾਫ਼ੀ ਧਿਆਨ ਰੱਖਦਾ।" ਉਹਨਾਂ ਆਖਿਆ।ਗਲਾ ਥੋੜਾ ਬੈਠਿਆ ਹੋਇਆ ਸੀ।
"ਅਸਲ ਵਿੱਚ ਏਸ ਉਮਰੇ ਕੋਈ ਧਿਆਨ ਰੱਖਣ ਵਾਲਾ ਹੋਣਾ ਚਾਹੀਦਾ ਹੁੰਦਾ।"
ਪ੍ਰਸ਼ੋਤਮ ਦਾਸ ਕੁਝ ਨਹੀਂ ਬੋਲੇ।
ਕੁਝ ਛਿਣ, ਇੱਕ ਚੁੱਪ ਦੋਨਾਂ ਵਿਚਾਲੇ ਪਸਰੀ ਰਹੀ।
"ਪੈ ਜਾਓ ਜਾ ਕੇ ਮੈਂ ਦਲੀਆ ਪਲੇਟ ਵਿੱਚ ਪਾ ਲਿਆਉਂਦੀ ਹਾਂ।"

"ਤੁਹਾਨੂੰ ਐਵੇਂ ਤਕਲੀਫ਼ ਦਿੱਤੀ।" ਦਲੀਆ ਖਾ ਕੇ ਖਾਲੀ ਪਲੇਟ ਟੇਬਲ 'ਤੇ ਧਰਦਿਆਂ ਪ੍ਰਸ਼ੋਤਮ ਦਾਸ ਮੁੜ ਅਜੀਤ ਹੁਣਾਂ ਨੂੰ ਆਖਣ ਲੱਗੇ।
"ਸੱਚਮੁੱਚ ਤਕਲੀਫ਼ ਵਰਗਾ ਕੁਝ ਨਹੀਂ ਹੈ।ਬੰਦਾ ਹੀ ਤਾਂ ਬੰਦੇ ਦਾ ਦਾਰੂ ਹੁੰਦਾ।ਨਾ ਤੁਹਾਡਾ ਇੱਥੇ ਕੋਈ ਬੈਠਾ ਹੈ ਦੇਖਣ ਵਾਲਾ ਨਾ ਮੇਰਾ।"
ਅਜੀਤ ਹੁਣਾਂ ਸੀਤ ਜਿਹਾ ਹੌਕਾ ਲਿਆ।
"ਚੱਲੋ ਇਹ ਵੀ ਸ਼ਾਇਦ ਕਿਸਮਤ ਦੀਆਂ ਗੱਲਾਂ ਹੋਣ।"

...ਤੇ ਕਿਸਮਤ ਉੱਪਰ ਗੱਲ ਮੁੱਕਾ ਜੇ ਦੋਨੋਂ ਬਜ਼ੁਰਗ,ਆਪਣੀਆਂ ਗੱਲਾਂ ਵਿੱਚ ਗੁਆਚ ਗਏ।ਉਹ ਗੱਲਾਂ ਜਿੰਨਾਂ ਵਿਚ ਨਾ ਪੁੱਤਾਂ ਧੀਆਂ ਦੀਆਂ ਗੱਲਾਂ ਸਨ।ਨਾ ਘਰ ਜਾਇਦਾਤ ਦੀਆਂ।
ਤਮਾਮ ਉਮਰ ਕਬੀਲਦਾਰੀ ਦਾ ਗੱਡਾ ਖਿਚਣ ਵਾਲੇ ਉਹ ਬੱਸ ਦੋ ਮਨੁੱਖ ਸਨ।ਇਸ ਵੇਲੇ ਜਿੰਨਾਂ ਦ ਚਿਹਰੇ ਉਪਰ ਨਾ ਜ਼ਿੰਦਗੀ ਪ੍ਰਤੀ ਕੋਈ ਗੁੱਸਾ ਸੀ ਨਾ ਸ਼ਿਕਵਾ।

ਅਜੀਤ ਹੁਣਾਂ ਚਾਹ ਬਣਾਈ।ਦੋਨਾਂ ਪੀਤੀ।ਭਾਂਡੇ ਧੋਤੇ।
ਜਾਣ ਲੱਗਿਆ ਉਹਨਾਂ ਆਖਿਆ, "ਕੰਮ ਵਾਲੀ ਕੁੜੀ ਨੂੰ ਸ਼ਾਮੀਂ ਆਉਣ ਤੋਂ ਮਨ੍ਹਾਂ ਕਰ ਦਿਓ।ਰਾਤ ਦਾ ਖਾਣਾ ਮੈਂ ਹੀ ਦੇ ਜਾਵਾਂਗੀ।"

ਪ੍ਰਸ਼ੋਤਮ ਦਾਸ ਨੇ ਅੱਗਿਓ ਕੁਝ ਨਾ ਕਿਹਾ।
ਦੁਪਿਹਰ ਢਲਨ ਲੱਗੀ ਸੀ।

ਸ਼ਾਮੀ ਜਦੋਂ ਅਜੀਤ ਹੁਣੀਂ ਖਾਣਾ ਲੈ ਕੇ ਆਏ, ਉਹਨਾਂ ਦੇ ਹੱਥ ਵਿੱਚ ਹੱਥ ਦਾ ਬੁਣਿਆਂ ਗੁਲੂਬੰਦ ਸੀ।
"ਇਹ ਲਪੇਟ ਕੇ ਰੱਖੋ।ਨਿੱਘਾ ਹੁੰਦਾ ਘਰ ਦਾ ਬਣਿਆ।ਗਲੇ ਨੂੰ ਰਾਹਤ ਮਿਲੂ।"

ਸ਼ੋਖ ਰੰਗ ਦਾ ਗੁਲੂਬੰਦ, ਪ੍ਰਸ਼ੋਤਮ ਹੁਣਾਂ ਨੇ ਗਰਦਨ ਦੁਆਲੇ ਲਪੇਟ ਲਿਆ।

*****
ਪਤਲੀ ਜਿਹੀ ਦਾਲ ਨਾਲ ਪਤਲੇ ਜਿਹੇ ਫੁੱਲਕੇ ਸਨ।
ਰੋਟੀ ਖਾ ਕੇ ਪ੍ਰਸ਼ੋਤਮ ਦਾਸ ਨੂੰ ਇਉਂ ਲੱਗਿਆ, ਜਿਵੇਂ ਰੋਟੀ ਵਰ੍ਹਿਆਂ ਮਗਰੋਂ ਖਾਧੀ ਹੋਵੇ।ਉਹਨਾਂ ਨੂੰ ਸਿਹਤ ਪਹਿਲਾਂ ਨਾਲੋਂ ਚੰਗੀ ਲੱਗ ਰਹੀ ਸੀ।
ਉਹਨਾਂ ਖਾਣੇ ਦੀ ਸਿਫ਼ਤ ਕੀਤੀ।
ਅਜੀਤ ਹੁਣੀ ਮੁਸਕੁਰਾ ਪਏ।
"ਖਾਣਾ ਕੰਮ ਸਮਝ ਕੇ ਨਹੀਂ ਬਣਾਈਦਾ।ਨਹੀਂ ਤਾਂ ਨਾ ਹੀ ਸਵਾਦ ਬਣਦਾ ਹੈ ਨਾ ਹੀ ਖਾਣ ਵਾਲੇ ਨੂੰ ਤ੍ਰਿਪਤੀ ਦਿੰਦਾ ਹੈ।"
ਉਹ ਮੁੜ ਗੰਭੀਰ ਗੱਲਾਂ ਕਰਨ ਲੱਗੇ।ਕਰਦੇ ਰਹੇ।ਬੀਤੇ ਕੱਲ੍ਹ ਦੀਆਂ।ਅੱਜ ਦੀਆਂ।ਆਉਂਣ ਵਾਲੇ ਕੱਲ੍ਹ ਦੀਆਂ।ਇਕੱਲਤਾ ਦੀਆਂ।ਚੁੱਪ ਦੀਆਂ।

...ਤੇ ਜਦੋਂ ਦੇਰ ਰਾਤ ਨੂੰ ਅਜੀਤ ਹੁਣੀਂ ਆਪਣੇ ਘਰ ਜਾਣ ਲੱਗੇ।ਪ੍ਰਸ਼ੋਤਮ ਦਾਸ ਦਾ ਮਨ ਕੀਤਾ, ਉਹ ਕਹਿਣ ਕਿ ਇੱਥੇ ਹੀ ਰੁੱਕ ਜਾਓ।ਪਰ ਉਹ ਕਹਿ ਨਾ ਸਕੇ।
ਅਜੀਤ ਹੁਣਾਂ ਦਾ ਵੀ ਮਨ ਕਰਦਾ ਸੀ ਕਿ ਉਹ ਇੱਥੇ ਹੀ ਰੁੱਕ ਜਾਣ।ਪਰ ਉਹ ਰੁੱਕ ਨਾ ਸਕੇ।

****

ਉਹਨਾਂ ਹੀ ਦਿਨਾਂ ਵਿੱਚ ਚਰਚਾ ਛਿੜੀ।
ਉਪਰੋਂ ਹੇਠਾਂ।ਹੇਠਾਂ ਤੋਂ ਉੱਪਰ।ਪੂਰੀ ਸੁਸਾਇਟੀ ਵਿਚ ਫੈਲੀ।ਕਿਸੇ ਨੇ ਗੱਲ ਨੂੰ ਖੰਭ ਲਗਾਏ।ਗੱਲ ਗੀਤਾ ਕੋਲ ਪੁੱਜੀ।ਗੀਤਾ ਕੋਲੋਂ ਵੱਡੀ ਨੂੰਹ ਕੋਲ।ਦੋਨਾਂ ਮੁੰਡਿਆਂ ਕੋਲ।ਮੁੰਡੇ ਪ੍ਰੇਸ਼ਾਨ ਹੋਏ।ਹੈਰਨ ਹੋਏ।ਸੋਚਣ ਲੱਗੇ, ਏਸ ਉਮਰੇ ਬਾਊ ਜੀ ਇਹ ਸਭ ਕੀ ਕਰ ਰਹੇ ਨੇ।ਜੱਗ ਹਸਾਈ ਦਾ ਖ਼ਿਆਲ ਉਹਨਾਂ ਨੂੰ ਦੁੱਖੀ ਕਰਦਾ।...ਤੇ ਫੇਰ ਕੁਝ ਮਹੀਨਿਆਂ ਦੇ ਦਰਮਿਆਨ ਹੀ, ਪ੍ਰਸ਼ੋਤਮ ਦਾਸ ਪੂਨੇ ਚਲੇ ਗਏ।ਮੁੰਡੇ ਨੇ ਆਖਿਆ ਸੀ, "ਬਾਊ ਜੀ! ਅਸੀਂ ਦੋਨੋਂ ਜੀ ਕੰਮ 'ਤੇ ਨਿਕਲ ਜਾਂਦੇ ਹਾਂ।ਬੇਟੀ ਪਿੱਛੋਂ ਨੌਕਰ ਦੇ ਕੋਲ ਛੱਡੀ ਹੁੰਦੀ।ਨੌਕਰਾਂ ਦਾ ਕੀ ਵਸਾਹ ਹੈ।ਇੱਥੇ ਆ ਜਾਓਗੇ ਤਾਂ ਤੁਹਾਡਾ ਵੀ ਦਿਲ ਲੱਗਿਆ ਰਹੂ।"

ਪ੍ਰਸ਼ੋਤਮ ਦਾਸ ਪਹਿਲਾਂ ਤਾਂ ਨਾਂਹ-ਨੁੱਕਰ ਕੀਤੀ।ਪਰ ਪੋਤੀ ਦਾ ਮੋਹ ਸੀ।ਪੁੱਤ ਦੇ ਘਰ ਦੀ ਮਜ਼ਬੂਰੀ।
ਉਹਨਾਂ ਬੈਗ ਬੰਨ੍ਹ ਲਿਆ।ਜਾਣ ਵੇਲੇ ਅਜੀਤ ਹੁਣਾਂ ਨੂੰ ਮਿਲ ਕੇ ਆਏ।ਉਦਾਸ ਸਨ।ਚੁੱਪ ਸਨ।ਫੇਰ ਇੱਕ ਕਥਾ ਸੁਣਾਉਣ ਲੱਗੇ।
"ਕਿਸੇ ਮੁੰਡੇ ਤੇ ਕੁੜੀ ਦਾ ਪ੍ਰੇਮ ਸੀ।ਮੁੰਡੇ ਨੇ ਕੁੜੀ ਨੂੰ ਵਿਆਹ ਲਈ ਆਖਿਆ।ਕੁੜੀ ਕਹਿਣ ਲੱਗੀ, ਪਹਿਲਾਂ ਆਪਣੀ ਮਾਂ ਦਾ ਦਿਲ ਕੱਢ ਕੇ ਲੈ ਕੇ ਆ । ਮੈਂ ਫੇਰ ਵਿਆਹ ਕਰਾਂਗੀ।ਮੁੰਡੇ ਨੇ ਇਓਂ ਹੀ ਕੀਤਾ।ਮਾਂ ਦਾ ਸੀਨਾ ਚੀਰ ਕੇ ਮਾਂ ਦਾ ਦਿਲ ਕੱਢ ਕੇ ਲੈ ਤੁਰਿਆ।ਭੱਜਾ ਜਾਂਦਾ, ਠੇਡਾ ਖਾ ਕੇ ਡਿੱਗ ਪਿਆ।ਪੁੱਤ ਨੂੰ ਡਿੱਗਿਆ ਦੇਖ, ਮਾਂ ਦੇ ਦਿਲ ਵਿੱਚੋਂ ਅਵਾਜ਼ ਆਈ, "ਪੁੱਤ ਕਿਤੇ ਸੱਟ ਤਾਂ ਨਹੀਂ ਲੱਗੀ।" ਮਾਪੇ ਤਾਂ ਇਹੋ ਜਿਹੇ ਹੁੰਦੇ ਨੇ।ਪੁੱਤ ਕਪੁੱਤ ਹੋ ਜਾਂਦੇ ਨੇ ਪਰ ਮਾਪੇ ਕੁਮਾਪੇ ਥੋੜ੍ਹਾ ਹੁੰਦੇ।"

ਕਈ ਮਹੀਨੇ ਬੀਤ ਗਏ।
ਪ੍ਰਸ਼ੋਤਮ ਦਾਸ ਪੂਨੇ ਸਨ।ਵੱਡੇ ਸ਼ਹਿਰ ਵਿੱਚ ਬੜਾ ਕੁਝ ਓਪਰਾ ਸੀ।ਉਹਨਾਂ ਨੂੰ ਬਾਰਾਂ ਨੰਬਰ ਫਲੈਟ ਯਾਦ ਆਉਂਦਾ।ਫਿਰ ਤੇਰਾਂ ਨੰਬਰ ਫਲੈਟ ਯਾਦ ਆਉਂਦਾ।

ਅਜੀਤ ਹੁਣਾਂ ਦਾ ਬੇਟਾ ਆਇਆ।
ਮਾਂ ਨਾਲ ਯੂ.ਕੇ ਜਾਣ ਲਈ ਬਹਿਸਦਾ ਰਿਹਾ।ਅਜੀਤ ਹੁਣੀਂ ਮੰਨਦੇ ਨਹੀਂ ਸਨ।ਉਹ ਤਲਖ਼ ਹੋਣ ਲੱਗਾ।
"ਅਸੀਂ ਉੱਥੇ ਹਾਂ ਤੁਸੀਂ ਇੱਥੇ ਕੀਹਦੇ ਲਈ ਬੈਠੇ ਹੋ।ਚਾਰ ਦਿਨ ਤੋਂ ਕਹਿ ਰਿਹਾ ਕੋਈ ਅਸਰ ਕਿਉਂ ਨਹੀਂ ਹੁੰਦਾ ਤੁਹਾਡੇ 'ਤੇ?"
...ਤੇ ਗੁੱਸੇ ਵਿੱਚ ਉਸਦੇ ਮੂੰਹੋਂ ਨਿਕਲ ਗਿਆ, "ਹੁਣ ਤਾਂ ਉਹ ਬਾਰਾਂ ਨੰਬਰ ਵਾਲਾ ਵੀ ਦਫ਼ਾ ਹੋ ਗਿਆ।"
ਅਜੀਤ ਹੁਣਾਂ ਨੂੰ ਜਿਵੇਂ ਕੁਝ ਚੁੰਭਿਆ ਹੋਵੇ।ਉਹਨਾਂ ਬੜੇ ਕ੍ਰੋਧ ਨਾਲ ਦੇਖਿਆ।
ਬੇਟਾ ਹੋਰ ਖ਼ਫ਼ਾ ਹੋਇਆ।
"ਜੋ ਮਨ ਕਰਦਾ ਕਰੋ।ਮੈਂ ਕੱਲ੍ਹ ਚਲੇ ਜਾਣਾ ਵਾਪਸ।ਸੜਦੇ ਰਹੋ ਇੱਥੇ।"
ਉਹ ਬੋਲਦਾ, ਖਿਝਦਾ ਬਾਹਰ ਨੂੰ ਹੋ ਤਰਿਆ।ਮੁੜਨ ਲੱਗੇ ਦਾ ਪੈਰ ਦਰਵਾਜ਼ੇ ਨਾਲ ਵੱਜਿਆ।ਚੀਸ ਉਠੀ।ਮੂੰਹ ਵਿੱਚੋਂ ਹਾਏ ਨਿਕਲੀ।
ਅਜੀਤ ਹੁਣਾਂ ਦੇਖਿਆ।
"ਪੁੱਤ ਕਿਤੇ ਸੱਟ ਤਾਂ ਨਹੀਂ ਲੱਗੀ?"
ਇਹ ਬੋਲ ਉਹਨਾਂ ਮਸਾਂ ਬੁੱਲ੍ਹਾਂ 'ਤੇ ਆਉਂਣ ਤੋਂ ਰੋਕੇ।
...ਤੇ ਪਾਸਾ ਪਰਤ ਲਿਆ।